# ਸੂਝ-ਬੂਝ ਬਾਰੇ ਸਟੇਟਮੈਂਟ

## ਪ੍ਰਮਾਣੀਕਰਣ ਦੌਰਾਨ ਕੀਤਾ ਜਾਣ ਵਾਲਾ ਜਾਇਜ਼ਾ

## Statement of Understanding: Mid-Certification Review

ਨਗਦ ਜਾਂ ਭੋਜਨ ਸਬੰਧੀ ਮਦਦ ਲੈਂਦੇ ਰਹਿਣ ਵਾਸਤੇ, ਤੁਹਾਨੂੰ ਪ੍ਰਮਾਣੀਕਰਣ ਦੌਰਾਨ ਕੀਤਾ ਜਾਣ ਵਾਲਾ ਜਾਇਜ਼ਾ ਜ਼ਰੂਰ ਭਰਨਾ ਚਾਹੀਦਾ ਹੈ। ਆਪਣਾ ਜਾਇਜ਼ਾ ਪੂਰਾ ਕਰਨ ਲਈ ਤੁਹਾਡੇ ਕੋਲ ਤਿੰਨ ਤਰੀਕੇ ਹਨ:

1. ਫੋਨ 'ਤੇ 1-877-501-2233 ਨੂੰ ਕਾੱਲਿੰਗ ਕਰਕੇ।
2. DSHS 14-467 ਫ਼ਾਰਮ ਭਰਕੇ ਅਤੇ
   - ਇਸ ਨੂੰ 1-888-338-7410 'ਤੇ ਸਾਨੂੰ ਫ਼ੈਕਸ ਕਰਕੇ; ਜਾਂ
   - ਇਸ ਨੂੰ PO BOX 11699, TACOMA WA 98411 'ਤੇ ਸਾਨੂੰ ਡਾਕ ਰਾਹੀਂ ਭੇਜੋ।
3. ਆਪਣੀਆਂ ਮੌਜੂਦਾ ਸਥਿਤੀਆਂ ਨਾਲ ਇਸ ਫ਼ਾਰਮ 'ਤੇ ਦਸਤਖ਼ਤ ਕਰਕੇ ਅਤੇ ਤਾਰੀਖ਼ ਪਾਕੇ ਸਥਾਨਕ ਦਫ਼ਤਰ ਵਿਚ ਸਾਡੇ ਨਾਲ ਮਿਲਕੇ।

**ਪ੍ਰਮਾਣੀਕਰਣ ਦੌਰਾਨ ਕੀਤੇ ਜਾਣ ਵਾਲੇ ਜਾਇਜ਼ੇ ਵਿਚ ਤੁਹਾਨੂੰ ਕਿਸ ਗੱਲ ਬਾਰੇ ਜ਼ਰੂਰ ਦੱਸਣਾ ਚਾਹੀਦਾ ਹੈ:**

- ਪਤੇ ਦੀ ਤਬਦੀਲੀ ਅਤੇ ਨਵੇਂ ਪਤੇ 'ਤੇ ਰਹਿਣ ਦੀਆਂ ਤੁਹਾਡੀਆਂ ਲਾਗਤਾਂ।
- ਤੁਹਾਡੇ ਘਰ ਵਿਚ ਕੌਣ ਰਹਿੰਦਾ ਹੈ, ਵਿਚਲੀਆਂ ਤਬਦੀਲੀਆਂ।
- ਕਿਸੇ ਸ੍ਰੋਤ ਤੋਂ ਤੁਹਾਡੇ ਘਰ ਦੀ ਆਮਦਨ ਵਿਚਲੀਆਂ ਤਬਦੀਲੀਆਂ। ਇਸ ਵਿਚ ਕੰਮ ਕਰਨ, ਬੇਰੋਜ਼ਗਾਰੀ ਭੱਤਾ, ਸਮਾਜਕ ਸੁਰੱਖਿਆ, ਕਿਰਤ ਅਤੇ ਸਨਅੱਤਾਂ ਅਤੇ ਬਾਲ ਸਹਾਇਤਾ ਤੋਂ ਹੋਣ ਵਾਲੀ ਆਮਦਨ ਸ਼ਾਮਿਲ ਹੈ।
- ਬਾਲ ਸਹਾਇਤਾ ਵਿਚਲੀਆਂ ਕੋਈ ਤਬਦੀਲੀਆਂ, ਜਿਸਦਾ ਤੁਹਾਨੂੰ ਆਪਣੇ ਨਾਲ ਨਾ ਰਹਿਣ ਵਾਲੇ ਬੱਚੇ ਲਈ ਕਾਨੂੰਨੀ ਤੌਰ 'ਤੇ ਭੁਗਤਾਨ ਕਰਨਾ ਪੈਂਦਾ ਹੈ।
- ਜੇ ਤੁਹਾਡੇ ਘਰ ਵਿਚ ਤੁਹਾਡੇ ਬੱਚੇ ਨਹੀਂ ਹਨ ਅਤੇ ਕੰਮ ਕਰਨ ਦੇ ਸਮਰੱਥ ਵਿਅਕਤੀ ਦੇ ਕੰਮ ਦੇ ਘੰਟੇ ਹਫ਼ਤੇ ਵਿਚ 20 ਘੰਟਿਆਂ ਤੋਂ ਘੱਟ ਹੋ ਗਏ ਹਨ।

**ਵਾਪਸ ਦੇਣ ਤੋਂ ਪਹਿਲਾਂ ਇਹ ਫ਼ਾਰਮ ਧਿਆਨ ਨਾਲ ਪੜ੍ਹੋ ਅਤੇ ਦਸਤਖ਼ਤ ਕਰੋ:**

- ਮੈਂ ਸਮਝਦਾ/ਸਮਝਦੀ ਹਾਂ ਕਿ DSHS ਦੇ ਨੇਮਾਂ ਅਨੁਸਾਰ ਮੈਨੂੰ ਪ੍ਰਮਾਣੀਕਰਣ ਦੌਰਾਨ ਕੀਤੇ ਜਾਣ ਵਾਲੇ ਜਾਇਜ਼ੇ ਨੂੰ ਪੂਰਾ ਕਰਨਾ ਪੈਣਾ ਹੈ ਅਤੇ WAC 388-418-0005 ਅਤੇ WAC 388-418-0011 ਅਨੁਸਾਰ ਮੇਰੇ ਘਰ ਦੀਆਂ ਸਥਿਤੀਆਂ ਵਿਚਲੀਆਂ ਤਬਦੀਲੀਆਂ ਬਾਰੇ DSHS ਨੂੰ ਦੱਸਣਾ ਪੈਣਾ ਹੈ।
- ਮੈਂ ਸਮਝਦਾ/ਸਮਝਦੀ ਹਾਂ ਕਿ ਨਗਦ ਰਕਮ ਅਤੇ ਭੋਜਨ ਦੇ ਲਾਭ ਲੈਣ ਲਈ ਮੇਰੇ ਵਲੋਂ ਬੋਲਿਆ ਜਾਣ ਵਾਲਾ ਝੂਠ ਜੁਰਮ ਹੈ। ਮੈਂ ਇਹ ਵੀ ਸਮਝਦਾ/ਸਮਝਦੀ ਹਾਂ ਕਿ ਜੇ ਮੈਂ DSHS ਨੂੰ ਕੁਝ ਨਹੀਂ ਦੱਸਦਾ/ਦੱਸਦੀ, ਜਿਸ ਬਾਰੇ ਮੈਨੂੰ ਪਤਾ ਹੈ ਕਿ ਇਸ ਬਾਰੇ ਦੱਸਣਾ ਚਾਹੀਦਾ ਹੈ, ਤਾਂ ਇਹ ਜੁਰਮ ਹੈ।
- ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਜਾਣਕਾਰੀ ਮੁਹੱਈਆ ਕਰਦਾ/ਕਰਦੀ ਹਾਂ, ਜਿਸ ਬਾਰੇ ਮੈਨੂੰ ਪਤਾ ਹੈ ਕਿ ਇਹ ਗ਼ਲਤ ਹੈ, ਤਾਂ ਮੇਰੇ 'ਤੇ ਜੁਰਮ ਕਰਨ ਦਾ ਦੋਸ਼ ਲਾਇਆ ਜਾ ਸਕਦਾ ਹੈ।
- ਭੋਜਨ ਸਬੰਧੀ ਸਹਾਇਤਾ ਦੇ ਨੇਮਾਂ ਨੂੰ ਤੋੜਣ ਕਰਕੇ ਹੋਣ ਵਾਲੀ ਸਜ਼ਾ ਬਾਰੇ ਮੈਨੂੰ ਪਤਾ ਹੈ, ਇਸ ਵਿਚ ਭੋਜਨ ਸਹਾਇਤਾ ਲੈਣ ਤੋਂ ਅਯੋਗ ਕਰਨਾ, ਜੁਰਮਾਨੇ ਜਾਂ ਕੈਦ ਕਰਨਾ ਸ਼ਾਮਿਲ ਹੈ।
- ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਤਬਦੀਲੀਆਂ ਦੇ ਸਬੂਤ ਨਹੀਂ ਦਿੰਦਾ/ਦਿੰਦੀ, ਜਿਹਨਾਂ ਕਰਕੇ ਮੇਰੇ ਲਾਭ ਵਧ ਸਕਦੇ ਹਨ, ਤਾਂ ਮੇਰੇ ਲਾਭ ਨਿਰਧਾਰਤ ਕਰਨ ਲੱਗਿਆਂ DSHS ਇਹਨਾਂ ਤਬਦੀਲੀਆਂ ਦੀ ਵਰਤੋਂ ਨਹੀਂ ਕਰਦੀ।
- ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਰਿਪੋਰਟ ਵਿਚ ਮੈਂ ਵਿਭਾਗ ਨੂੰ ਜੋ ਕੁਝ ਦੱਸਿਆ ਹੈ, ਉਸ ਨਾਲ ਮੇਰੇ ਲਾਭਾਂ 'ਤੇ ਅਸਰ ਪੈ ਸਕਦਾ ਹੈ।
- ਮੈਂ ਜੁਰਮ ਦੀ ਸਜ਼ਾ ਹੇਠ ਐਲਾਨ ਕਰਦਾ/ਕਰਦੀ ਹਾਂ ਕਿ ਇਸ ਰਿਪੋਰਟ ਵਿਚ ਜਿਹੜੀ ਜਾਣਕਾਰੀ ਮੈਂ DSHS ਨੂੰ ਦਿੱਤੀ ਹੈ, ਮੇਰੀ ਬਿਹਤਰ ਜਾਣਕਾਰੀ ਅਨੁਸਾਰ ਇਹ ਸੱਚੀ ਅਤੇ ਸਹੀ ਹੈ।

| ਦਸਤਖ਼ਤ | ਤਾਰੀਖ਼ | ਲਿਖਿਆ ਗਿਆ ਨਾਂ | ਕਲਾਇੰਟ ਦਾ ਆਈਡੀ ਨੰਬਰ |
|---|---|---|---|
| | | | |



Barcode label

02611